# ਘੂੰਘਟ ਕੇ ਪੱਟ ਖੋਲ ਰੀ ਤੋਹੇ ਪੀਆ ਮਿਲੇਂਗੇ



ਭਗਤ ਕਬੀਰ ਇਕ ਬਹੁਤ ਹੀ ਸਧਾਰਨ ਪਿਛੋਕੜ ਨਾਲ ਸਬੰਧ ਰੱਖਣ ਵਾਲਾ ਮਨੁੱਖ ਸੀ। ਉਹਦੇ ਮਾਂ ਬਾਪ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਅਤੇ ਕਹਿੰਦੇ ਹਨ ਕਿ ਉਹ ਇਕ ਬਹੁਤ ਹੀ ਸਧਾਰਨ ਜੁਲਾਹੇ ਦੇ ਘਰ ਵਿਚ ਪਲਿਆ, ਜੁਲਾਹਿਆਂ ਦੇ ਹੋਰ ਪਰਿਵਾਰਾਂ ਦੇ ਬੱਚਿਆਂ ਨਾਲ ਖੇਡਿਆ ਅਤੇ ਜਵਾਨ ਹੋਇਆ। ਇਕ ਸਧਾਰਨ ਪਰਿਵਾਰ ਵਿਚੋਂ ਹੋਣ ਕਰਕੇ ਜੁਲਾਹਿਆਂ ਦੇ ਹੋਰ ਮੁੰਡਿਆਂ ਵਾਂਗ ਕਬੀਰ ਦੀ ਪੜਾਈ ਲਿਖਾਈ ਦਾ ਵੀ ਇੰਤਜ਼ਾਮ ਨਾ ਹੋ ਸਕਿਆ। ਉਨ੍ਹਾਂ ਨੇ ਸਾਰੀ ਉਮਰ ਮਿਹਨਤ ਕੀਤੀ ਅਤੇ ਕਪੜਾ ਬੁਣਿਆ। ਕਬੀਰ ਸਧਾਰਨ ਸੀ ਅਤੇ ਸਾਰੀ ਉਮਰ ਸਧਾਰਨ ਹੀ ਰਹੇ। ਸਧਾਰਨ ਜੁਲਾਹਿਆਂ ਵਾਂਗ ਹੀ ਕਪੜਾ ਬੁਣਦੇ, ਬਜ਼ਾਰ ਲੈ ਕੇ ਜਾਂਦੇ ਅਤੇ ਗੁਜ਼ਾਰਾ ਕਰਦੇ। ਇੰਜ ਬਨਾਰਸ ਵਿਚ ਰਹਿੰਦਿਆਂ ਉਹ ਆਪਣਾ ਅਤੇ ਪਰਿਵਾਰ ਦਾ ਗੁਜ਼ਾਰਾ ਕਰਦੇ ਰਹੇ ਪਰ ਇਸ ਸਧਾਰਨ ਹਾਲਾਤ ਵਿਚ ਹੀ ਉਨ੍ਹਾਂ ਨੇ ਜ਼ਿੰਦਗੀ ਦੇ ਆਪਣੇ ਤਜਰਬੇ ਦਾ ਆਪ ਨਿਰਨਾ ਕਰਕੇ ਸਿੱਟੇ ਕੱਢੇ ਤੇ ਗਿਆਨ ਹਾਸਲ ਕੀਤਾ। ਉਨ੍ਹਾਂ ਨੇ ਆਪਣੇ ਸਮੇਂ ਅਤੇ ਹਾਲਾਤ ਦਾ ਵੀ ਨਿਰਣਾ ਕੀਤਾ ਤੇ ਢੁਕਵੇਂ ਸਿੱਟੇ ਕੱਢੇ। ਇਨਸਾਨ ਦੇ ਇਨਸਾਨ ਨਾਲ ਅਤੇ ਇਨਸਾਨ ਦੇ ਕੁਦਰਤ ਨਾਲ ਰਿਸ਼ਤੇ ਦੇ ਤੱਤ ਨੂੰ ਸਮਝਿਆ ਅਤੇ ਇਸ ਬਾਰੇ ਬਹੁਤ ਕੁਝ ਲਿਖਿਆ ਵੀ। ਕਬੀਰ ਦੇ ਦੋਹੇ ਬਹੁਤ ਮਸ਼ਹੂਰ ਹਨ। ਕਬੀਰ ਨੇ ਵੇਖਿਆ ਕਿ ਵੇਲੇ ਦੇ ਹਾਕਮਾਂ, ਜ਼ੋਰਾਵਰਾਂ ਅਤੇ ਮਜ਼ਹਬ ਦੇ ਠੇਕੇਦਾਰਾਂ ਨੇ ਆਪਣੇ ਸਮਾਜੀ ਤੇ ਆਰਥਕ ਰੁਤਬੇ ਦੇ ਜ਼ੋਰ ਨਾਲ ਲੋਕਾਂ ਦੀਆਂ ਅੱਖਾਂ ਤੇ ਪਰਦੇ ਪਾਏ ਹੋਏ ਹਨ ਅਤੇ ਲੋਕਾਂ ਦੀਆਂ ਅੱਖਾਂ ਉਤੇ ਪਰਦੇ ਚਾੜ੍ਹ ਕੇ ਇੰਜ ਉਹ ਹਾਲਾਤ ਉਤੇ ਵੀ ਪਰਦਾ ਪ੍ਰਾਉਣ ਦੀ ਕੋਸ਼ਿਸ਼ ਕਰਦੇ ਹਨ।

ਸੁਆਲ ਉੱਠਦਾ ਹੈ ਕਿ ਘੁੰਡ ਦਾ ਮਕਸਦ ਕੀ ਹੈ? ਸਪੱਸ਼ਟ ਹੈ ਕਿ ਘੁੰਘਟ ਜਾਂ ਘੁੰਡ ਅੱਖਾਂ ਦੀ ਸ਼ਕਤੀ ਨੂੰ ਬੇਕਾਰ ਕਰਨ ਲਈ ਪਾਇਆ ਜਾਂਦਾ ਹੈ। ਕੀ ਇਹ ਫ਼ਾਇਦੇਮੰਦ ਗੱਲ ਹੈ ਕਿ ਇਨਸਾਨ ਨੂੰ ਜਾਂ ਤਾ ਦਿਸੇ ਹੀ ਨਾ ਤੇ ਜਾਂ ਸਾਫ ਨਾ ਦਿਸੇ? ਇਸ ਵਿਚ ਕਿਸ ਦਾ ਫਾਇਦਾ ਹੈ ਕਿ ਇਨਸਾਨੀ ਅੱਖ ਦੀ ਕੁਦਰਤੀ ਤਾਕਤ ਨੂੰ ਬੇਕਾਰ ਅਤੇ ਨਸ਼ਟ ਕਰ ਦਿਤਾ ਜਾਵੇ? ਇਹ ਕਿਸ ਦੇ ਭਲੇ ਵਿਚ ਹੈ? ਜ਼ਾਹਿਰ ਹੈ ਕਿ ਜਿਸ ਦੀ ਅੱਖ ਉਤੇ ਇਹ ਘੂੰਘਟ ਹੈ ਉਹਦੇ ਭਲੇ ਵਿਚ ਤਾਂ ਇਹ ਗੱਲ ਹੋ ਨਹੀਂ ਸਕਦੀ। ਇਹਦੇ ਨਾਲ ਹੀ ਇਹ ਸਮਾਜ ਅਤੇ ਮਨੁੱਖਤਾ ਦੇ ਭਲੇ ਵਿਚ ਵੀ ਨਹੀਂ ਹੋ ਸਕਦਾ ਕਿ ਅੱਖਾਂ ਤੇ ਪਰਦੇ ਪਏ ਰਹਿਣ। ਇਹ ਸਿਰਫ਼ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ ਜੋ ਲੋਕਾਂ ਦੀਆਂ ਅੱਖਾਂ ਤੇ ਪਰਦੇ ਪਾ ਕੇ ਆਪਣਾ ਉਲੂ ਸਿਧਾ ਕਰਨ ਦਾ ਮੰਤਵ ਰੱਖਦੇ ਹਨ। ਮੁੱਲਾਂ, ਪਾਂਡੇ, ਧਾੜਵੀ ਅਤੇ ਜਾਬਰ ਅਸਲੀਅਤ ਉਤੇ ਪਰਦੇ ਪਾਕੇ ਰੱਖਦੇ ਹਨ। ਉਹ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਰਕੇ ਦੱਸਦੇ ਹਨ। ਇਸ ਘੁੰਘਟ ਦੇ ਪੱਟ ਅੱਖਾਂ ਉਤੇ ਵੀ ਹਨ ਜੱਗ ਦੀ ਅਸਲੀਅਤ ਉਤੇ ਵੀ। ਅੱਖਾਂ ਉਤੇ ਇਹ ਪਰਦੇ ਪਏ ਰਹਿਣ ਨਾਲ ਅਸਲੀਅਤ ਦੇ ਦਰਸ਼ਨ ਨਹੀਂ ਹੋ ਸਕਦੇ। ਰਜਵਾੜਾਸ਼ਾਹੀ ਸਮਾਜ ਦੀ ਮਰਦ ਪਰਧਾਨ ਰੀਤ ਔਰਤਾਂ ਦੇ ਚੇਹਰੇ ਤੇ ਵੀ ਜਬਰੀ ਪਰਦਾ ਪਾਉਂਦੀ ਸੀ ਤੇ ਔਰਤਾਂ ਨੂੰ ਨਸੀਹਤ ਕਰਦੀ ਸੀ ਕਿ ਇਹ ਪਰਦਾ ਉਨ੍ਹਾਂ ਦੇ ਆਪਣੇ ਭਲੇ ਲਈ ਅਤੇ ਸਮਾਜ ਦੇ ਭਲੇ ਲਈ ਹੈ। ਪਰ ਆਮ ਤਜਰਬੇ ਦੀ ਗੱਲ ਹੈ ਕਿ ਜਦੋਂ ਕਿਸੇ ਦੇ ਚੇਹਰੇ ਤੇ ਪਰਦਾ ਪਿਆ ਹੁੰਦਾ ਹੈ ਤਾਂ ਉਸ ਨੂੰ ਕੁਝ ਨਹੀਂ ਦਿਸਦਾ ਜੇ ਥੋੜਾ ਬਹੁਤ ਦਿਸਦਾ ਵੀ ਹੈ ਤਾਂ ਉਹ ਸਾਫ ਨਹੀਂ ਦਿਸਦਾ। ਇਸ ਦਾ ਮਤਲਬ ਹੈ ਅੱਖਾਂ ਦਾ ਬੇਕਾਰ ਬਣ ਕੇ ਰਹਿ ਜਾਣਾ। ਪਰਦੇ ਦਾ ਮੰਤਵ ਹੀ ਇਹ ਹੁੰਦਾ ਹੈ ਕਿ ਅਸਲੀਅਤ ਨੂੰ ਅਣਗੌਲਿਆ ਅਤੇ ਤਜਰਬੇ ਨੂੰ ਨਕਾਰਿਆ ਜਾਵੇ।

ਕਬੀਰ ਕਹਿੰਦੇ ਹਨ- ***ਘੂੰਘਟ ਕੇ ਪੱਟ ਖੋਲ ਰੀ ਤੋਹੇ ਪੀਆ ਮਿਲੇਂਗੇ***। ਕਬੀਰ ਦੇ ਇਸ ਕਥਨ ਵਿਚ ਕੀ ਰਮਜ਼ ਹੈ? ਇਸ ਵਿਚ ਰਮਜ਼ ਇਹ ਹੈ ਕਿ ਅੱਖਾਂ ਤੋਂ ਅਗਿਆਨਤਾ ਦੀ ਪੱਟੀ ਖੋਲ੍ਹ ਤਾਂ ਕਿ ਸਾਹਮਣੇ ਜੋ ਸੱਚ ਹੈ ਉਹ ਨਜ਼ਰ ਆਵੇ, ਪੀਆ ਦੇ ਦਰਸ਼ਨ ਹੋਣ। ਮਤਲਬ ਇਹ ਹੈ ਕਿ ਅੱਖਾਂ ਵੇਖਣ ਲਈ ਹਨ ਅਤੇ ਇਨ੍ਹਾਂ ਦੀ ਵਰਤੋਂ ਕੀਤੇ ਬਗੈਰ ਹਕੀਕਤ ਨਹੀਂ ਦਿਸ ਸਕਦੀ। ਕਬੀਰ ਅਤੇ ਹੋਰ ਰੌਸ਼ਨ ਖਿਆਲ ਵੱਡੇ ਬਜ਼ੁਰਗ ਰਮਜ਼ ਰਾਹੀਂ ਦਸਦੇ ਹਨ ਕਿ ਸਾਡੀਆਂ ਅੱਖਾਂ ਦੇ ਪਰਦੇ ਸਾਡੇ ਚੌਗਿਰਦੇ ਦੀਆਂ ਉਹ ਮਾਨਤਾਵਾਂ ਅਤੇ ਧਾਰਨਾਵਾਂ ਹਨ ਜੋ ਦਿਨ ਨੂੰ ਰਾਤ ਬਣਾਉਂਦੀਆਂ ਹਨ, ਉਹ ਤਾਅਸੁਬ ਹਨ ਜਿਹੜੇ ਸਾਡੇ ਤਾਰੀਖੀ ਪੰਘੂੜੇ ਵਿਚੋਂ ਸਾਨੂੰ ਵਿਰਸੇ ਵਿਚ ਮਿਲਦੇ ਹਨ ਅਤੇ ਸਾਡੀਆਂ ਅੱਖਾਂ ਉਤੇ ਪਰਦਾ ਚਾੜ੍ਹਦੇ ਹਨ। ਇਨ੍ਹਾਂ ਪਰਦਿਆਂ ਨਾਲ ਅਸੀਂ ਆਪਣੀ ਅੱਖ ਅਤੇ ਬੁਧੀ ਦੀ ਸਹੀ ਅਤੇ ਮੁਕੰਮਲ ਵਰਤੋਂ ਨਹੀਂ ਕਰ ਸਕਦੇ। ਇਸ ਪਰਦੇ ਕਰਕੇ ਅਸੀਂ ਆਪਣੇ ਤਜਰਬੇ ਤੋਂ ਕੋਈ ਸਿੱਟਾ ਨਹੀਂ ਕੱਢ ਸਕਦੇ। ਕਬੀਰ ਦੇ ਕਥਨ ਵਿਚ ਹਿਕਮਤ ਦੀ ਗੱਲ ਇਹ ਹੈ ਕਿ ਇਨਸਾਨ ਆਪਣੀ ਹਿੰਮਤ ਨਾਲ ਅੱਖਾਂ ਦੇ ਪਰਦੇ ਲਾਹ ਸਕਦਾ ਹੈ। ਇਨਸਾਨ ਅੱਖਾਂ ਦੀ ਪੱਟੀ ਲਾਹ ਸਕਦਾ ਹੈ ਪਰ

ਇਹਦੇ ਲਈ ਉਹਨੂੰ ਸਚੇਤ ਹੋ ਕੇ ਸਰਗਰਮੀ ਕਰਨ ਦੀ ਅਤੇ ਅਸਲੀਅਤ ਦਾ ਨਿਰਨਾ ਕਰਨ ਦੀ ਲੋੜ ਹੈ, ਸਚੇਤ ਹੋਕੇ ਹਿੰਮਤ ਕਰਨ ਦੀ ਲੋੜ ਹੈ। ਅੱਖਾਂ ਦੇ ਪਰਦੇ ਆਪਣੇ ਆਪ ਲਹਿਣ ਵਾਲੀ ਚੀਜ਼ ਨਹੀਂ, ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਸਚੇਤ ਹੋਕੇ ਉਦਮ ਕਰਨ ਦੀ ਲੋੜ ਹੈ। ਇਸ ਕਰਕੇ ਭਗਤ ਕਬੀਰ ਦੀ ਰਮਜ਼ ਹੈ ਕਿ ਹਿੰਮਤ ਕਰ ਤੇ ਅੱਖਾਂ ਤੋਂ ਪਰਦਾ ਖੋਲ ਕੇ ਵੇਖ ਸਾਹਮਣੇ ਕੀ ਹੈ? ਕੀ ਹੋ ਰਿਹਾ ਹੈ ਅਤੇ ਕੀ ਕਰਨ ਦੀ ਲੋੜ ਹੈ? ਜਿਨ੍ਹਾਂ ਚਿਰ ਅੱਖਾਂ ਤੇ ਪਰਦਾ ਪਿਆ ਹੋਇਆ ਹੈ, ਇਹਦਾ ਪਤਾ ਹੀ ਨਹੀਂ ਲੱਗ ਸਕਦਾ। ਜੇ ਅੱਖਾਂ ਤੇ ਪਰਦਾ ਪਿਆ ਹੋਵੇ ਤਾਂ ਤੁਹਾਨੂੰ ਹਾਲਾਤ ਦੀ ਅਸਲੀਅਤ ਦਾ ਦਰਸ਼ਨ ਨਹੀਂ ਹੋ ਸਕਦਾ। ਇਸੇ ਕਰਕੇ ਭਗਤ ਕਬੀਰ ਕਹਿੰਦੇ ਹਨ ਕਿ **`ਘੂੰਘਟ ਕੇ ਪੱਟ ਖੋਲ ਰੀ ਤੋਹੇ ਪੀਆ ਮਿਲੇਂਗੇ`**।

ਇਕ ਵਾਰ ਅੱਖਾਂ ਤੋਂ ਪਰਦਾ ਲਹਿ ਜਾਵੇ ਤਾਂ ਫਿਰ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਜੱਗ ਦੀ ਅਸਲੀਅਤ ਉਤੇ ਜ਼ੋਰ ਵਾਲਿਆਂ ਨੇ ਕਿਸ ਤਰਾਂ ਕੂੜ ਦਾ ਪਰਦਾ ਪਾਇਆ ਹੋਇਆ ਹੈ। ਮਿਸਾਲ ਦੇ ਤੌਰ ਤੇ ਅੱਜ ਅਮਰੀਕੀ ਸਾਮਰਾਜ ਆਪਣੇ ਜ਼ੋਰ ਅਤੇ ਮੀਡੀਏ ਦੇ ਮਕਰ ਜਾਲ ਨਾਲ ਇਰਾਕ ਉੱਤੇ ਕਬਜ਼ੇ ਨੂੰ ਇਰਾਕੀ ਲੋਕਾਂ ਦੇ ਫਾਇਦੇ ਵਿਚ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਾਮਰਾਜੀਏ ਸੱਚਾਈ ਉਤੇ ਕੂੜ ਦਾ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਇਸ ਲਈ ਇਸ ਪਰਦੇ ਨੂੰ ਲਾਹੁਣਾ ਬਹੁਤ ਹੀ ਜ਼ਰੂਰੀ ਹੈ। ਇਸ ਪਰਦੇ ਨੂੰ ਲਾਹੁਣ ਲਈ ਵੀ ਉਦਮ ਅਤੇ ਮਿਹਨਤ ਦੀ ਜ਼ਰੂਰਤ ਹੈ। ਹਾਲਾਤ ਦਾ ਨਿਰਲੇਪ ਹੋਕੇ ਨਿਰਨਾ ਕਰਨ ਦੀ ਲੋੜ ਹੈ। ਇਸੇ ਕਰਕੇ ਕਬੀਰ ਦੀ ਆਵਾਜ਼ ਵਿਚ ਕਟਕ ਹੈ- ਘੂੰਘਟ ਕੇ ਪੱਟ ਖੋਲ ਰੀ- ਇਸ ਵਿਚ ਸਲਾਹ ਵੀ ਹੈ ਅਤੇ ਹੁਕਮ ਵੀ। ਹੁਕਮ ਤਾਰੀਖ਼ੀ ਲੋੜ ਹੈ ਜੋ ਦੱਸਦੀ ਹੈ ਕਿ ਬਿਨਾਂ ਇਹ ਪਰਦਾ ਲਾਹੇ ਕੰਮ ਨਹੀਂ ਚਲਣਾ। ਇਹ ਸਲਾਹ ਇਕ ਉਸ ਸਿਆਣੇ ਦੀ ਸਲਾਹ ਹੈ ਜਿਸ ਨੇ ਖੁਦ ਇਹ ਪਰਦਾ ਲਾਹ ਲਿਆ ਹੈ, ਜਿਸ ਨੇ ਹਾਲਾਤ ਦਾ ਨਿਰਨਾ ਕਰ ਲਿਆ ਹੈ ਅਤੇ ਰਾਹ ਵਿਖਾ ਰਿਹਾ ਹੈ।

ਜਦੋਂ ਇਹ ਪਰਦਾ ਲਹਿ ਜਾਂਦਾ ਹੈ ਤਾਂ ਹਾਲਾਤ ਦਾ ਦੀਦਾਰ ਹੋ ਜਾਂਦਾ ਹੈ। ਅਸਲੀਅਤ ਕੀ ਹੈ ਇਸ ਦਾ ਚਾਨਣ ਹੋ ਜਾਂਦਾ ਹੈ। ਦਿਨ ਦਿਨ ਦਿਸਦਾ ਹੈ ਅਤੇ ਰਾਤ ਰਾਤ। ਇਨਸਾਨ ਜ਼ਿੰਦਗੀ ਦਾ, ਹਾਲਾਤ ਦਾ, ਤੱਤ ਤੇ ਸੱਚ ਸਮਝ ਜਾਂਦਾ ਹੈ, ਜਾਣ ਲੈਂਦਾ ਹੈ ਕਿ ਕੀ ਹੋ ਰਿਹਾ ਹੈ, ਕੌਣ ਕੀ ਕਰ ਰਿਹਾ ਹੈ, ਅਤੇ ਕੀ ਕਰਨ ਦੀ ਲੋੜ ਹੈ? ਇਹਦੇ ਨਾਲ ਉਹ ਤਾਰੀਖ਼ੀ ਲੋੜ ਤੋਂ ਜਾਣੂ ਹੋਕੇ ਆਪਣੀ ਤਾਰੀਖ਼ੀ ਜ਼ਿੰਮੇਵਾਰੀ ਨਿਭਾਉਣ ਲਈ ਉਦਮ ਕਰਦਾ ਹੈ। ਭਗਤ ਕਬੀਰ ਇਸ ਨੂੰ `ਤੋਹੇ ਪੀਆ ਮਿਲੇਂਗੇ` ਕਹਿੰਦੇ ਹਨ। ਪੀਆ ਹੈ ਜ਼ਿੰਦਗੀ ਅਤੇ ਇਹਦਾ ਤੱਤ ਤੇ ਸੱਚ ਜਿਸ ਵਿਚ ਕੁਝ ਵੀ ਛੁਪਿਆ ਨਹੀਂ ਹੈ। ਇਹ ਹੈ ਵਿਅਕਤੀ ਅਤੇ ਸਮਾਜ ਦੇ ਰਿਸ਼ਤਿਆਂ ਵਿਚ ਸੁਰਮੇਲਤਾ, ਇਨਸਾਨ ਅਤੇ ਕੁਦਰਤ ਦੇ ਰਿਸ਼ਤੇ ਵਿਚ ਸੁਰਮੇਲਤਾ। ਇਹ ਹੈ ਅਹਮ ਅਤੇ ਬਹਮ ਦੀ ਸੁਰਮੇਲਤਾ। ਵਿਅਕਤੀ ਅਤੇ ਸਮਾਜ ਨੂੰ ਦਰਪੇਸ਼ ਸਭ ਮਸਲੇ ਅਤੇ ਉਨ੍ਹਾਂ ਦੇ ਹੱਲ ਸਾਫ਼ ਦਿਸਦੇ ਹਨ। ਇਨਸਾਨ ਉਨ੍ਹਾਂ ਦੇ ਹੱਲ ਲਈ ਲੋੜੀਂਦਾ ਕਦਮ ਚੁਕ ਸਕਦਾ ਹੈ। ਪਰ ਇਹ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਉਸ ਘੂੰਘਟ ਦੇ ਪੱਟ ਖੋਲ੍ਹੇ ਜਾਣ ਜੋ ਜ਼ੋਰ ਵਾਲਿਆਂ ਨੇ ਲੋਕਾਂ ਦੀਆਂ ਅੱਖਾਂ ਤੇ ਪਾਇਆ ਹੋਇਆ ਹੈ। ਵੇਲੇ ਦੇ ਹਾਕਮ ਲੋਕਾਂ ਦੀਆਂ ਅੱਖਾਂ ਉਤੇ ਇਹ ਘੂੰਘਟ ਵੱਖ ਵੱਖ ਨਾਮਾਂ ਹੇਠ ਪਾਉਂਦੇ ਹਨ ਪਰ ਇਨ੍ਹਾਂ ਨੂੰ ਹਟਾਏ ਬਗੈਰ ਲੋਕਾਂ ਦਾ ਕੰਮ ਨਹੀਂ ਬਣਨਾ।